International Journal of Applied Research 2017; 3(7): 1534-1537




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(7): 1534-1537
www.allresearchjournal.com
Received: 10-05-2017
Accepted: 15-06-2017

**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

Correspondence
**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

# ਖ਼ਬਰਾਂ ਦੇ ਪ੍ਰਕਾਰ ਅਤੇ ਸੋਮੇ

**ਡਾ. ਵਿਨੈਨੀਤ ਕੌਰ**

## ਪ੍ਰਸਤਾਵਨਾ

ਮਨੁੱਖੀ ਜੀਵਨ ਵਿਚ ਜਿੰਨੀ ਵਿਭਿੰਨਤਾ ਹੈ, ਖ਼ਬਰਾਂ ਦੇ ਵਿਸ਼ਿਆਂ ਵਿਚ ਵੀ ਉਂਨੀ ਹੀ ਵੰਨਸੁਵੰਨਤਾ ਹੈ। ਕਿਸੇ ਵੀ ਅਖ਼ਬਾਰ ਦੇ ਹਰ ਪੰਨੇ/ਸਫ਼ੇ ਨੂੰ ਜੇ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਹਰੇਕ ਸਫ਼ੇ ਤੇ ਵਖਰੀ ਪ੍ਰਕਾਰ ਦੀਆਂ ਖ਼ਬਰਾਂ ਹੁੰਦੀਆਂ ਹਨ। ਹਰ ਅਖ਼ਬਾਰ ਦੇ ਹਰ ਸਫ਼ੇ ਨੂੰ ਕਿਸੇ ਵਿਸ਼ੇਸ਼ ਪ੍ਰਕਾਰ ਜਾਂ ਵਿਸ਼ੇ ਦੀਆਂ ਖ਼ਬਰਾਂ ਲਈ ਨਿਸ਼ਚਿਤ ਕੀਤਾ ਹੁੰਦਾ ਹੈ, ਉਸੇ ਅਨੁਸਾਰ ਹੀ ਖ਼ਬਰਾਂ ਉਸ ਵਿਸ਼ੇਸ਼ ਸਫ਼ੇ ਤੇ ਲਗਾਈਆਂ ਜਾਂਦੀਆਂ ਹਨ। ਕਿਸੇ ਵੀ ਅਖ਼ਬਾਰ ਵਿਚ ਖ਼ਬਰਾਂ ਨੂੰ ਵਿਸ਼ੇ ਜਾਂ ਮਹੱਤਵ ਦੇ ਆਧਾਰ 'ਤੇ ਸਥਾਨ ਦਿਤਾ ਜਾਂਦਾ ਹੈ। ਖ਼ਬਰਾਂ ਨੂੰ ਵਿਸ਼ੇ ਅਤੇ ਮਹੱਤਵ ਦੇ ਆਧਾਰ ਤੇ ਕਈ ਭਾਗਾਂ ਵਿਚ ਵੰਡਿਆ ਜਾਂਦਾ ਹੈ। ਇਹ ਵਰਗੀਕਰਣ ਬਹੁਤ ਜ਼ਰੂਰੀ ਹੈ ਕਿਉਂਕਿ ਕਈ ਘਟਨਾਵਾਂ ਵਾਪਰਦੀਆਂ ਨਹੀਂ ਪਰ ਫੇਰ ਵੀ ਉਹ ਖ਼ਬਰ ਦਾ ਰੂਪ ਬਣ ਜਾਂਦੀਆਂ ਹਨ। ਇਸ ਦੇ ਨਾਲ ਹੀ ਕਿਉਂਕਿ ਅੱਜ-ਕਲ੍ਹ ਵਿਸ਼ੇਸ਼ਤਾ ਦਾ ਦੌਰ ਹੈ ਤੇ ਇਹ ਵਿਸ਼ੇਸ਼ਤਾ ਪੱਤਰਕਾਰੀ ਦੇ ਖੇਤਰ ਵਿਚ ਵੀ ਲਾਗੂ ਹੁੰਦੀ ਹੈ। ਵਿਸ਼ੇ ਦੇ ਆਧਾਰ ਤੇ ਖ਼ਬਰਾਂ ਨੂੰ ਵੰਡਣਾ ਅਸਾਨ ਨਹੀਂ ਕਿਉਂਕਿ ਆਮ ਜ਼ਿੰਦਗੀ ਅਤੇ ਸਾਡੇ ਆਲੇ ਦੁਆਲੇ ਵਿਸ਼ਿਆਂ ਦਾ ਕੋਈ ਅੰਤ ਨਹੀਂ, ਜਿਵੇਂ: ਖੇਡ ਸਮਾਚਾਰ, ਕਾਨੂੰਨੀ, ਰਾਜਨੀਤਿਕ, ਜੁਰਮ ਸੰਬੰਧੀ ਸਮਾਚਾਰ, ਖੇਤੀ ਸੰਬੰਧੀ ਸਮਾਚਾਰ, ਕਾਮਰਸ, ਵਿਗਿਆਨ, ਸਾਹਿਤਕ, ਸਭਿਆਚਾਰਕ, ਸੁਰੱਖਿਆ, ਵਿਕਾਸ, ਵਿਦਿਅਕ, ਆਰਥਕ, ਫਿਲਮ/ਮਨੋਰੰਜਨ, ਫੈਸ਼ਨ ਅਤੇ ਖੋਜੀ ਸਮਾਚਾਰ ਆਦਿ।

ਇਨ੍ਹਾਂ ਸਾਰੇ ਵਿਸ਼ਿਆਂ ਦੀਆਂ ਖ਼ਬਰਾਂ ਪ੍ਰਾਪਤ ਕਰਨ ਲਈ ਵੱਡੀਆਂ ਅਖ਼ਬਾਰਾਂ ਵਿਚ ਵਿਸ਼ੇਸ਼ ਪੱਤਰਕਾਰ (Special Correspondents) ਰੱਖੇ ਜਾਂਦੇ ਹਨ। ਇਹ ਪੱਤਰਕਾਰ ਕਿਸੇ ਵਿਸ਼ੇਸ਼ ਵਿਸ਼ੇ ਦੇ ਮਾਹਿਰ ਹੁੰਦੇ ਹਨ ਅਤੇ ਸਿਰਫ਼ ਆਪਣੇ ਵਿਸ਼ੇ (Beat) ਦੀਆਂ ਖ਼ਬਰਾਂ ਨੂੰ ਇਕੱਤਰ ਕਰਕੇ ਰਿਪੋਰਟ ਕਰਦੇ ਹਨ। ਖ਼ਬਰਾਂ ਨੂੰ ਸਹੀ ਸਮੇਂ ਤੇ ਪਾਠਕਾਂ ਤਕ ਪਹੁੰਚਾਉਣਾ ਕਿਸੇ ਵੀ ਅਖ਼ਬਾਰ ਦੀ ਵੱਡੀ ਜ਼ਿੰਮੇਵਾਰੀ ਹੈ ਅਤੇ ਇਹ ਕੰਮ ਬਹੁਤ ਹੀ ਔਖਾ ਵੀ ਹੈ। ਕਿਸੇ ਵੀ ਅਖ਼ਬਾਰ ਨੂੰ ਖ਼ਬਰਾਂ ਕਿਸੇ ਸੀਮਿਤ ਸਥਾਨ ਤੋਂ ਹੀ ਪ੍ਰਾਪਤ ਨਹੀਂ ਹੁੰਦੀਆਂ। ਖ਼ਬਰਾਂ ਕਿਸੇ ਵੀ ਸਮੇਂ, ਕਿਸੇ ਵੀ ਜਗ੍ਹਾ ਤੋਂ ਉਤਪਾਦਿਤ ਹੋ ਸਕਦੀਆਂ ਹਨ, ਇਨ੍ਹਾਂ ਦਾ ਕੋਈ ਵੀ ਸਮਾਂ ਅਤੇ ਸਥਾਨ ਨਿਸ਼ਚਿਤ ਨਹੀਂ ਹੈ। ਇਸ ਅਸੰਭਵ ਕੰਮ ਨੂੰ ਕਰਨ ਲਈ ਅਖ਼ਬਾਰਾਂ ਨੇ ਖ਼ਬਰਾਂ ਇਕੱਠੀਆਂ ਕਰਨ ਦੇ ਕੁਝ ਤਰੀਕੇ ਅਪਨਾਏ

ਹੋਏ ਹਨ। ਅਜਿਹੀਆਂ ਸੰਸਥਾਵਾਂ ਨਾਲ ਅਖ਼ਬਾਰਾਂ ਸੰਪਰਕ ਬਣਾ ਕੇ ਰੱਖਦੀਆਂ ਹਨ ਜਿਨ੍ਹਾਂ ਤੋਂ ਉਨ੍ਹਾਂ ਨੂੰ ਸਮੇਂ ਸਮੇਂ ਤੇ ਖ਼ਬਰਾਂ ਮਿਲਦੀਆਂ ਹਨ।

ਸਾਰੇ ਸੰਸਾਰ ਵਿਚ ਹਰ ਪਲ ਅਣਗਿਣਤ ਘਟਨਾਵਾਂ ਘਟਦੀਆਂ ਰਹਿੰਦੀਆਂ ਹਨ। ਪਰ ਅਖ਼ਬਾਰਾਂ ਕੁਝ ਘਟਨਾਵਾਂ ਨੂੰ ਹੀ ਖ਼ਬਰ ਬਣਾਉਂਦੀਆਂ ਹਨ। ਅਜੋਕੇ ਸਮੇਂ ਵਿਚ ਸੂਚਨਾ ਦੇ ਤਕਨੀਕੀ ਵਿਕਾਸ ਕਾਰਣ ਖ਼ਬਰਾਂ ਦੇ ਸੋਮਿਆਂ ਦਾ ਹੜ੍ਹ ਆ ਗਿਆ ਹੈ। ਖ਼ਬਰਾਂ ਨੂੰ ਹਾਸਲ ਕਰਨਾ ਪਹਿਲਾਂ ਜਿਹਾ ਔਖਾ ਨਹੀਂ ਰਿਹਾ। ਇੰਟਰਨੈਟ ਦੇ ਜ਼ਰੀਏ ਹਰ ਘਟਨਾ ਨੂੰ ਨਾਲ ਦੇ ਨਾਲ ਵੇਖਿਆ ਤੇ ਸੁਣਿਆ ਜਾ ਸਕਦਾ ਹੈ, ਇਸ ਕੰਮ ਨੂੰ ਕਰਨ ਲਈ ਕੁਝ ਸਮੇਂ ਪਹਿਲਾਂ ਰਿਪੋਰਟਰਾਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਸੀ। ਸਟਿੰਗ ਦੇ ਜ਼ਰੀਏ ਭ੍ਰਿਸ਼ਟਾਚਾਰ ਦੇ ਵੱਡੇ ਵੱਡੇ ਮਸਲੇ ਸਾਹਮਣੇ ਆਉਣ ਲੱਗ ਪਏ ਹਨ। ਅਜਿਹੇ ਸਮੇਂ ਖ਼ਬਰਾਂ ਦੇ ਪਰੰਪਰਕ ਸੋਮਿਆਂ ਦੇ ਨਾਲ ਨਾਲ ਨਵੇਂ ਉਭਰ ਰਹੇ ਸੋਮਿਆਂ ਬਾਰੇ ਵੀ ਵਿਚਾਰ ਕੀਤਾ ਜਾਣਾ ਜ਼ਰੂਰੀ ਹੈ।

**ਵਿਸ਼ੇਸ਼ ਪੱਤਰਪ੍ਰੇਰਕ ਅਤੇ ਸਟ੍ਰਿੰਗਰਜ਼ (Stringers)**: ਵਿਸ਼ੇਸ਼ ਪੱਤਰਪ੍ਰੇਰਕ ਅਤੇ ਸਟ੍ਰਿੰਗਰਜ਼ ਕਿਸੇ ਵੀ ਅਖ਼ਬਾਰ ਦੇ ਅੱਖ, ਨੱਕ, ਕੰਨ ਅਤੇ ਮੂੰਹ ਹੁੰਦੇ ਹਨ ਜੋ ਆਪਣੀ-ਆਪਣੀ ਬੀਟ ਦੀ ਖ਼ਬਰ ਆਪਣੇ ਦਫਤਰ ਵਿਚ ਦਿੰਦੇ ਹਨ। ਕਿਸੇ ਵੀ ਅਖ਼ਬਾਰ ਜਾਂ ਚੈਨਲ ਲਈ ਸਭ ਤੋਂ ਵੱਖ ਮਹੱਤਵ ਵਾਲਾ ਅਤੇ ਕਾਮਯਾਬ ਖ਼ਬਰਾਂ ਦਾ ਸੋਮਾ ਉਸਦਾ ਪੱਤਰਪ੍ਰੇਰਕ ਹੁੰਦਾ ਹੈ। ਕਿਸੇ ਵੀ ਅਖ਼ਬਾਰ ਜਾਂ ਚੈਨਲ ਦੇ ਦੇਸ਼ ਵਿਚ ਕਈ ਬਿਊਰੋ ਦਫ਼ਤਰ ਹੁੰਦੇ ਹਨ ਅਤੇ ਛੋਟੇ ਵੱਡੇ ਸਾਰੇ ਸ਼ਹਿਰਾਂ ਵਿਚ ਪੱਤਰਕਾਰ ਰੱਖੇ ਜਾਂਦੇ ਹਨ। ਵੱਡੇ ਵੱਡੇ ਅਖ਼ਬਾਰਾਂ ਵਿਚ ਵਖਰੇ-ਵਖਰੇ ਵਿਸ਼ਿਆਂ ਦੀਆਂ ਖ਼ਬਰਾਂ ਲਈ ਅਲਗ ਅਲਗ ਪੱਤਰਕਾਰ ਰੱਖੇ ਜਾਂਦੇ ਹਨ। ਪੱਤਰਕਾਰ ਈ-ਮੇਲ ਜਾਂ ਐਸ. ਐਮ. ਐਸ. ਰਾਹੀਂ ਮੁੱਖ ਦਫ਼ਤਰ ਵਿਚ ਖ਼ਬਰਾਂ ਪਹੁੰਚਾਉਂਦੇ ਹਨ।

**ਸਮਾਚਾਰ ਏਜੰਸੀਆਂ**: ਅੰਤਰਰਾਸ਼ਟਰੀ ਖ਼ਬਰਾਂ ਲਈ ਅਖ਼ਬਾਰਾਂ ਅਤੇ ਚੈਨਲ ਇਨ੍ਹਾਂ ਸਮਾਚਾਰ ਏਜੰਸੀਆਂ ਦੀਆਂ ਖ਼ਬਰਾਂ ਦੀ ਵਧੇਰੇ ਵਰਤੋਂ ਕਰਦੇ ਹਨ। ਇਹ ਸਮਾਚਾਰ ਏਜੰਸੀਆਂ ਹਿੰਦੁਸਤਾਨੀ ਵੀ ਹਨ ਤੇ ਵਿਦੇਸ਼ੀ ਵੀ। ਵੱਡੀਆਂ ਅਖ਼ਬਾਰਾਂ/ਚੈਨਲਾਂ ਦੀਆਂ ਆਪਣੀ ਨਿਜੀ ਸਮਾਚਾਰ ਏਜੰਸੀਆਂ ਵੀ ਹੁੰਦੀਆਂ ਹਨ ਜਿਵੇਂ : ਟਾਈਮਸ ਆਫ਼ ਇੰਡੀਆ ਅਤੇ ਇੰਡੀਅਨ ਐਕਸਪ੍ਰੈਸ ਆਦਿ। ਹਰ ਨਿਊਜ਼ ਏਜੰਸੀ ਦੇ ਆਪਣੇ ਪੱਤਰਕਾਰ ਹੁੰਦੇ ਹਨ ਜਿਹੜੇ ਇਨ੍ਹਾਂ ਖ਼ਬਰਾਂ ਨੂੰ ਖ਼ਬਰੀ ਏਜੰਸੀਆਂ ਦੇ ਮੁੱਖ ਦਫ਼ਤਰਾਂ ਤਕ ਪਹੁੰਚਾਉਂਦੇ ਹਨ। ਉਥੋਂ ਹੀ ਇਹ ਖ਼ਬਰਾਂ ਵੱਖ-ਵੱਖ ਅਖ਼ਬਾਰਾਂ ਤਕ ਪਹੁੰਚਦੀਆਂ ਹਨ।

ਇੰਟਰਨੈਟ/ਆਨਲਾਇਨ ਖ਼ਬਰਾਂ : ਅੱਜ ਅਸੀਂ ਵਿਸ਼ਵੀ ਪਿੰਡ ਵਿਚ ਜੀ ਰਹੇ ਹਾਂ ਭਾਵ ਇੰਟਰਨੈਟ ਨੇ ਸਮੁੱਚੇ ਸੰਸਾਰ ਨੂੰ ਇਕ ਪਿੰਡ ਦੀ ਤਰ੍ਹਾਂ ਬਣਾ ਦਿਤਾ ਹੈ, ਦੂਰੀਆਂ ਖ਼ਤਮ ਕਰ ਦਿੱਤੀਆਂ ਹਨ, ਪਿੰਡ ਦੇ ਲੋਕਾਂ ਦੀ ਤਰ੍ਹਾਂ ਸਾਰੇ ਇਕ ਦੂਜੇ ਨਾਲ ਜੁੜ ਗਏ ਹਨ। ਹਰ ਚੈਨਲ, ਅਖ਼ਬਾਰ, ਸੰਸਥਾ ਆਦਿ ਦੀ ਵੈਬਸਾਇਟ ਬਣਨ ਦੇ ਨਾਲ-ਨਾਲ ਹਰ ਵਿਸ਼ੇ ਅਤੇ ਖੇਤਰ, ਰਾਜਨੀਤੀ, ਧਰਮ, ਖੇਡਾਂ, ਯੋਗਾ ਆਦਿ ਦੀਆਂ ਅਲਗ-ਅਲਗ ਵੈਬਸਾਇਟ ਬਣ ਗਈਆਂ ਹਨ। ਵਿਭਿੰਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖ਼ਬਰਾਂ ਇੰਟਰਨੈਟ ਤੇ ਹਰ ਵੇਲੇ ਉਪਲਬਧ ਹਨ। ਅਜ ਅਸੀਂ ਘਰ, ਦਫ਼ਤਰ ਜਾਂ ਕਿਧਰੇ ਵੀ ਤਤਕਾਲ ਘਟੀ ਕਿਸੇ ਖ਼ਬਰ (ਮੈਚ ਆਦਿ) ਦੀ ਖ਼ਬਰ ਅਸੀਂ ਇੰਟਰਨੈਟ ਦੇ ਜ਼ਰੀਏ ਵੇਖ ਅਤੇ ਪੜ੍ਹ ਸਕਦੇ ਹਾਂ।

ਇੰਟਰਨੈਟ ਦੇ ਕਾਰਣ ਅਖ਼ਬਾਰਾਂ ਦੇ ਦਫ਼ਤਰਾਂ ਵਿਚ ਕਾਰਜ ਵਿਧੀਆਂ ਵੀ ਬਹੁਤ ਬਦਲ ਗਈਆਂ ਹਨ। ਕੰਮ ਪਹਿਲਾਂ ਨਾਲੋਂ ਬਹੁਤ ਅਸਾਨ ਹੋ ਗਿਆ ਹੈ। ਇਕ ਹੀ ਯੂਨਿਟ ਤੋਂ ਕਈ ਤਾਜ਼ਾ ਸੰਸਕਰਣ, ਰੰਗੀਨ ਕੱਢਣੇ, ਬਹੁਤ ਅਸਾਨ ਹੋ ਗਏ ਹਨ। ਕਈ ਅਖ਼ਬਾਰਾਂ ਇੰਟਰਨੈਟ ਤੇ ਆਨਲਾਈਨ ਵੀ ਕੱਢੀਆਂ ਜਾਂਦੀਆਂ ਹਨ। ਇੰਟਰਨੈਟ ਨੇ ਅਜ ਦੇ ਯੁੱਗ ਵਿਚ ਜ਼ਿੰਦਗੀ ਦੇ ਹਰ ਖੇਤਰ ਵਿਚ ਲਾਜਵਾਬ ਤਬਦੀਲੀਆਂ ਲਿਆਂਦੀਆਂ ਹਨ।

**ਪ੍ਰੈਸ ਰਿਲੀਜ਼:** ਖ਼ਬਰਾਂ ਦਾ ਬਹੁਤ ਵੱਡਾ ਸੋਮਾਂ ਪ੍ਰੈਸ ਰਿਲੀਜ਼ ਹੁੰਦੇ ਹਨ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਅਖ਼ਬਾਰਾਂ ਦੇ ਪੰਨੇ ਭਰਨ ਲਈ ਤਾਜ਼ਾ ਖ਼ਬਰਾਂ ਨਹੀਂ ਮਿਲਦੀਆਂ ਤਾਂ ਅਜਿਹੇ ਸਮੇਂ ਅਖ਼ਬਾਰ ਦਫ਼ਤਰ 'ਚ ਪਹੁੰਚੇ ਪ੍ਰੈਸ ਰਿਲੀਜ਼ ਵਰਦਾਨ ਦਾ ਕੰਮ ਕਰਦੇ ਹਨ। ਇਹ ਦੋ ਤਰ੍ਹਾਂ ਦੇ ਹੁੰਦੇ ਹਨ।

1. **ਸਾਧਾਰਣ ਪ੍ਰੈਸ ਰਿਲੀਜ਼:** ਕਿਸੇ ਵਿਦਿਅਕ, ਸਮਾਜਕ, ਸਾਹਿਤਕ, ਸੰਸਕ੍ਰਿਤਕ, ਖੇਡ, ਆਰਥਕ, ਤਕਨੀਕੀ, ਸੰਸਥਾਵਾਂ, ਸੰਗਠਨਾਂ, ਰਾਜਨੀਤਿਕ ਦਲਾਂ, ਮਜ਼ਦੂਰ ਸੰਘ

ਆਦਿ ਵਲੋਂ ਭੇਜੇ ਜਾਂਦੇ ਹਨ। ਅਖ਼ਬਾਰਾਂ ਦਾ ਵੱਡਾ ਹਿੱਸਾ ਇਨ੍ਹਾਂ ਨਾਲ ਹੀ ਭਰਿਆ ਹੁੰਦਾ ਹੈ।

2. **ਸਰਕਾਰੀ ਪ੍ਰੈਸ ਰਿਲੀਜ਼**: ਸਰਕਾਰੀ ਪ੍ਰੈਸ ਰਿਲੀਜ਼, ਸਰਕਾਰੀ ਦਫ਼ਤਰਾਂ ਦੇ ਜ਼ਰੀਏ ਜਾਂ ਤੇ ਸਿੱਧੇ ਜਾਂ ਸੂਚਨਾ ਦਫ਼ਤਰਾਂ ਦੇ ਮਾਧਿਅਮ ਨਾਲ ਅਖ਼ਬਾਰ ਦਫ਼ਤਰਾਂ ਵਿਚ ਪਹੁੰਚਾਏ ਜਾਂਦੇ ਹਨ। ਕੇਂਦਰ ਅਤੇ ਪ੍ਰਦੇਸ਼ ਸਰਕਾਰ ਦੇ ਮੰਤਰੀਆਂ ਦੇ ਪ੍ਰੋਗਰਾਮਾਂ ਅਤੇ ਹੋਰ ਕਾਰਵਾਈਆਂ ਨਾਲ ਸੰਬੰਧਤ ਖ਼ਬਰਾਂ ਦੇ ਪ੍ਰੈਸ ਰਿਲੀਜ਼ ਸੂਚਨਾ ਵਿਭਾਗ ਦੇ ਮਾਧਿਅਮ ਰਾਹੀਂ ਹੀ ਪ੍ਰਾਪਤ ਹੁੰਦੇ ਹਨ।

**ਲੋਕ ਸੰਪਰਕ**: ਲੋਕ ਸੰਪਰਕ ਦਾ ਮੁੱਖ ਮੰਤਵ ਲੋਕਾਂ ਦੀਆਂ ਸ਼ੁਭ ਇੱਛਾਵਾਂ ਨੂੰ ਜਿੱਤਣਾ ਹੈ ਤੇ ਅਜਕਲ੍ਹ ਸਾਰੇ ਵਿਭਾਗ, ਸਰਕਾਰੀ ਅਤੇ ਨਿਜੀ ਲੋਕ ਸੰਪਰਕ ਨੂੰ ਵਧੇਰੇ ਮਹੱਤਵ ਦਿੰਦੇ ਹਨ। ਹਰ ਸੰਸਥਾ ਆਪਣੇ ਲਈ ਇਕ 'ਲੋਕ ਸੰਪਰਕ ਵਿਭਾਗ' ਦੀ ਸਥਾਪਨਾ ਕਰਦੀ ਹੈ ਅਤੇ ਆਪਣੇ ਬਾਰੇ ਵੱਧ ਤੋਂ ਵੱਧ ਸੂਚਨਾ ਅਖ਼ਬਾਰਾਂ ਤਕ ਪਹੁੰਚਾਣ ਦਾ ਯਤਨ ਕਰਦੀ ਹੈ ਤਾਂ ਕਿ ਉਹ ਸੂਚਨਾ ਅੱਗੇ ਜਨਤਾ ਤਕ ਪਹੁੰਚ ਸਕੇ। ਇਨ੍ਹਾਂ ਸੰਸਥਾਵਾਂ ਦਾ ਆਪਣਾ ਲੋਕ ਸੰਪਰਕ ਦਫ਼ਤਰ ਹੁੰਦਾ ਹੈ ਜਿਸ ਦੇ ਮੁਖੀ ਨੂੰ ਲੋਕ ਸੰਪਰਕ ਪ੍ਰਤਿਨਿਧੀ ਕਹਿੰਦੇ ਹਨ। ਲੋਕ ਸੰਪਰਕ ਅਫ਼ਸਰ ਦਾ ਕੰਮ ਖ਼ਬਰਾਂ ਤਿਆਰ ਕਰਕੇ ਪੱਤਰਕਾਰਾਂ ਤਕ ਪਹੁੰਚਾਉਣਾ ਹੁੰਦਾ ਹੈ। ਇਹ ਸਭਾਵਾਂ ਅਤੇ ਲੈਕਚਰਾਂ ਦਾ ਵੀ ਇੰਤਜ਼ਾਮ ਕਰਦੇ ਹਨ। ਸਰਕਾਰ ਅਤੇ ਕੰਪਨੀਆਂ ਦੇ ਆਪਣੇ ਆਪਣੇ ਸੂਚਨਾ ਲੋਕ-ਸੰਪਰਕ ਵਿਭਾਗ ਹੁੰਦੇ ਹਨ। ਜਿਹੜੇ ਆਪਣੇ ਆਪਣੇ ਵਿਭਾਗ ਦੀਆਂ ਸੰਪੂਰਨ ਸੂਚਨਾਵਾਂ ਇਕੱਠੀਆਂ ਕਰਨ ਦਾ ਕੰਮ ਕਰਦੇ ਹਨ। ਸਮੇਂ ਸਮੇਂ ਖ਼ਬਰਾਂ ਅਖ਼ਬਾਰ ਦਫ਼ਤਰ 'ਚ ਛਪਣ ਲਈ ਭੇਜਦੇ ਹਨ ਅਤੇ ਪ੍ਰੈਸ ਕਾਨਫ੍ਰੈਂਸ ਦਾ ਇੰਤਜ਼ਾਮ ਵੀ ਕਰਦੇ ਹਨ।

**ਇੰਟਰਵਿਊ (ਮੁਲਾਕਾਤ)**: ਮੁਲਾਕਾਤਾਂ ਜਾਂ ਇੰਟਰਵਿਊ ਖ਼ਬਰਾਂ ਦਾ ਇਕ ਚੰਗਾ ਸੋਮਾ ਹੈ। ਇਨ੍ਹਾਂ ਵਿਚੋਂ ਕਦੀ-ਕਦੀ ਅਜਿਹੀਆਂ ਖ਼ਬਰਾਂ ਵੀ ਮਿਲ ਜਾਂਦੀਆਂ ਹਨ ਜਿਹੜੀਆਂ ਅਖ਼ਬਾਰਾਂ, ਚੈਨਲਾਂ ਲਈ 'ਲੀਡ' ਭਾਵ ਮੁੱਖ ਖ਼ਬਰ ਬਣ ਜਾਂਦੀ ਹੈ। ਭਾਸ਼ਣ, ਸਰਕਾਰੀ ਖ਼ਬਰ ਜਾਂ ਕੋਈ ਘੋਸ਼ਣਾ ਆਦਿ ਨਾਲ ਕਈ ਵਾਰ ਇਕ ਪੱਖੀ ਵਿਸਤਾਰ ਪੇਸ਼ ਹੁੰਦਾ ਹੈ ਪਰ ਮੁਲਾਕਾਤ ਜਾਂ ਇੰਟਰਵਿਊ ਰਾਹੀਂ ਸੰਬੰਧਤ ਵਿਅਕਤੀ ਦੇ ਗੁਣ ਦੋਸ਼, ਪੱਖ-ਵਿਪੱਖ, ਆਮ ਜਨਤਾ ਦਾ ਪ੍ਰਭਾਵ, ਆਦਿ ਬਾਰੇ ਸਾਰੀ ਜਾਣਕਾਰੀ ਮਿਲ ਜਾਂਦੀ ਹੈ।

**ਪ੍ਰੈਸ ਕਾਨਫਰੰਸ**: ਪ੍ਰੈਸ ਕਾਨਫਰੰਸ ਇੰਟਰਵਿਊ ਦਾ ਹੀ ਵਿਆਪਕ ਰੂਪ ਹੈ। ਕਿਸੇ ਵਿਸ਼ੇਸ਼ ਸਥਾਨ ਤੇ ਸਾਰੇ ਪੱਤਰਕਾਰ, ਕਈ ਰਾਜਨੇਤਾਵਾਂ, ਪ੍ਰਮੁੱਖ ਵਿਅਕਤੀਆਂ, ਅਫ਼ਸਰਾਂ, ਕਈ ਸੰਗਠਨਾਂ ਦੇ ਅਧਿਕਾਰੀਆਂ ਤੋਂ ਪ੍ਰਸ਼ਨ ਪੁੱਛਦੇ ਹਨ ਅਤੇ ਉਹ ਵਿਅਕਤੀ ਵਿਸ਼ੇਸ਼ ਜਵਾਬ ਦਿੰਦਾ ਹੈ। ਹਰ ਰਿਪੋਰਟਰ ਨੂੰ ਪ੍ਰਸ਼ਨ ਪੁੱਛਣ ਦਾ ਸਮਾਨ ਹੱਕ ਹੁੰਦਾ ਹੈ। ਸਾਰੇ ਰਿਪੋਰਟਰ ਸਾਰੀ ਵਾਰਤਾਲਾਪ ਸੁਣ ਕੇ ਪੁੱਛ ਗਿੱਛ ਕਰਦੇ ਹਨ। ਪ੍ਰੈਸ ਕਾਨਫਰੰਸ ਨਾਲ ਵਿਭਿੰਨ ਵਿਸ਼ਿਆਂ, ਘਟਨਾਵਾਂ ਨਾਲ ਜੁੜੇ ਤੱਥਾਂ ਨਵੀਆਂ ਘੋਸ਼ਣਾਵਾਂ, ਅਫ਼ਸਰਾਂ ਆਦਿ ਦੇ ਵਿਚਾਰਾਂ ਬਾਰੇ ਪਤਾ ਲਗਦਾ ਹੈ।

**ਭਾਸ਼ਣ**: ਨੇਤਾਵਾਂ ਅਤੇ ਕਿਸੇ ਵਿਸ਼ੇਸ਼ ਖੇਤਰ ਦੇ ਵਿਸ਼ੇਸ਼ ਵਿਅਕਤੀਆਂ ਦੇ ਭਾਸ਼ਣਾਂ ਤੋਂ ਖ਼ਬਰਾਂ ਲਈ ਨਵੇਂ ਤੱਥ, ਅੰਕੜੇ, ਨਵੀਆਂ ਨੀਤੀਆਂ, ਕੀਤੇ ਗਏ ਕੰਮਾਂ ਬਾਰੇ ਸਪਸ਼ਟੀਕਰਣ, ਕੀਤੇ ਗਏ ਕੰਮ ਅਤੇ ਪ੍ਰਾਪਤੀਆਂ ਆਦਿ ਬਾਰੇ ਜਾਣਕਾਰੀ ਅਤੇ ਅਗਲੀਆਂ ਯੋਜਨਾਵਾਂ, ਨੀਤੀਆਂ ਆਦਿ ਦੀਆਂ ਸੰਭਾਵਨਾਵਾਂ ਆਦਿ ਬਾਰੇ ਪਤਾ ਲਗਦਾ ਹੈ।

**ਵਿਧਾਨ ਸਭਾ**: ਵਿਧਾਨ ਸਭਾ ਦੇ ਸੈਸ਼ਨ, ਚਰਚਾ, ਫੈਸਲੇ ਆਦਿ ਵਿਚ ਨੇਤਾਵਾਂ ਦੇ ਵਿਚਾਰ, ਫੈਸਲੇ, ਦਵੰਦ, ਘੋਟਾਲੇ, ਕੰਮਕਾਜੀ ਨੀਤੀਆਂ, ਵਿਸ਼ੇ, ਕਾਨੂੰਨੀ ਸੰਸ਼ੋਧਨ, ਸਰਕਾਰੀ ਯੋਜਨਾਵਾਂ ਆਦਿ ਨਾਲ ਸੰਬੰਧਿਤ ਗੱਲਬਾਤ ਪਾਠਕਾਂ ਲਈ ਜਾਣਕਾਰੀ ਦਾ ਇਕ ਬਹੁਤ ਵਧੀਆ ਸਾਧਨ ਹੈ।

**ਅਦਾਲਤ**: ਅਦਾਲਤ ਖ਼ਬਰਾਂ ਹਾਸਲ ਕਰਨ ਦਾ ਇਕ ਪ੍ਰਮੁੱਖ ਸਰੋਤ ਹੈ। ਕਿਉਂਕਿ ਉੱਥੋਂ ਅਪਰਾਧ ਨਾਲ ਸੰਬੰਧਿਤ ਮਾਮਲਿਆਂ ਦੀ ਸੁਣਵਾਈ ਕੀਤੀ ਜਾਂਦੀ ਹੈ। ਹਰ ਕੋਰਟ (Court) ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਬਾਹਰ ਹਮੇਸ਼ਾਂ ਸਮਾਚਾਰ ਚੈਨਲਾਂ ਦੀਆਂ ਗੱਡੀਆਂ ਖੜ੍ਹੀਆਂ ਮਿਲਦੀਆਂ ਹਨ ਜੋ ਕਿ ਉੱਥੇ ਖ਼ਬਰਾਂ ਹਾਸਲ ਕਰਨ ਆਏ ਹੁੰਦੇ ਹਨ। ਆਮ ਤੋਂ ਖ਼ਾਸ

ਅਜਕਲ੍ਹ ਹਰ ਤਬਕੇ ਨਾਲ ਜੁੜਿਆ ਮਨੁੱਖ ਕਈ ਤਰ੍ਹਾਂ ਦੇ ਆਰੋਪਾਂ 'ਚ ਫਸਕੇ ਅਦਾਲਤ ਜਾਣ ਲਗ ਪੈਂਦਾ ਹੈ।

ਇਨ੍ਹਾਂ ਉਪਰੋਕਤ ਪ੍ਰਮੁੱਖ ਸੋਮਿਆਂ ਤੋਂ ਇਲਾਵਾ ਕਈ ਹੋਰ ਸੋਮੇ ਵੀ ਹਨ ਜਿਹੜੇ ਸਮੇਂ-ਸਮੇਂ ਨਾਲ ਖ਼ਬਰਾਂ ਦੇਣ ਦਾ ਕੰਮ ਕਰਦੇ ਹਨ। ਜ਼ਿਆਦਾਤਰ ਖ਼ਬਰਾਂ ਅਜਿਹੇ ਮਾਧਿਅਮਾਂ ਤੋਂ ਹੀ ਮਿਲਦੀਆਂ ਹਨ। ਇਨ੍ਹਾਂ ਦੇ ਨਾਲ ਖ਼ਬਰਾਂ ਪਹੁੰਚਾਉਣ ਦਾ ਵੱਡਾ ਕੰਮ ਖ਼ਬਰੀ ਸੇਵਾਵਾਂ ਅਤੇ ਏਜੰਸੀਆਂ ਦਾ ਹੈ। ਇਹ ਖ਼ਬਰੀ ਸੇਵਾਵਾਂ ਤੇ ਏਜੰਸੀਆਂ ਦੁਨੀਆ ਦੇ ਹਰ ਕੋਨੇ ਤੋਂ ਹਰ ਤਰ੍ਹਾਂ ਦੀਆਂ ਖ਼ਬਰਾਂ ਇਕੱਠੀਆਂ ਕਰਕੇ ਅਖ਼ਬਾਰਾਂ ਅਤੇ ਚੈਨਲਾਂ ਤੱਕ ਪਹੁੰਚਾਉਂਦੀਆਂ ਹਨ।

## ਸੰਦਰਭ ਸੂਚੀ


1. ਅਨੂਪ ਸਿੰਘ, ਸੰਪਾਦਨ ਅਤੇ ਪ੍ਰਕਾਸ਼ਨ ਪ੍ਰਕਿਰਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1994
2. ਕੁੰਦਰਾ, ਬਲਬੀਰ (ਡਾ), ਜਨਸੰਚਾਰ ਬਦਲਤੇ ਪਰਿਪ੍ਰੇਕਸ਼ਯ ਮੇਂ, (ਹਿੰਦੀ) ਤਕਸ਼ਿਲਾ ਪ੍ਰਕਾਸ਼ਨ, 2009
3. ਖਹਿਰਾ, ਸੁਰਿੰਦਰ ਸਿੰਘ, ਪੰਜਾਬੀ ਪੱਤਰਕਾਰੀ, ਸੁਖਰਾਜ ਪ੍ਰਕਾਸ਼ਨ, ਪਟਿਆਲਾ, 1983
4. ਮਾਨ, ਗੁਰਮੀਤ ਸਿੰਘ, ਪੱਤਰਕਾਰੀ ਦੇ ਮੂਲ ਸਿਧਾਂਤ, ਮਦਾਨ ਪਬਲਿਸ਼ਰਜ਼, ਪਟਿਆਲਾ, 1996
5. ਮਾਨ, ਗੁਰਮੀਤ ਸਿੰਘ, ਰਿਪੋਰਟਿੰਗ ਅਤੇ ਸੰਪਾਦਨ ਕਲਾ (ਅਖਬਾਰਾਂ ਲਈ), ਮਦਾਨ ਪਬਲਿਸ਼ਰਜ਼, ਪਟਿਆਲਾ, 1987
6. ਮਿਸ਼ਰ, ਸਮਿਤਾ (ਡਾ), ਭਾਰਤੀਯ ਮੀਡਿਆ: ਅੰਤਰੰਗ ਪਹਿਚਾਨ, ਸੰਪਾਦਕ, ਭਾਰਤ ਪੁਸਤਕ ਭੰਡਾਰ, ਦਿੱਲੀ, 2004
7. ਰੰਜਨ, ਪ੍ਰਭਾਤ, ਜਨਸੰਚਾਰ ਏਵਮ ਪੱਤਰਕਾਰਿਤਾ (ਹਿੰਦੀ),ਕੇ. ਐਲ. ਪਿਚੌਰੀ ਪ੍ਰਕਾਸ਼ਨ, ਗਾਜ਼ੀਆਬਾਦ, 2008
8. ਵਰਮਾ, ਨੇਹਾ, ਪੱਤਰਕਾਰਿਤਾ ਏਵਮ ਸੰਪਾਦਨ ਕਲਾ, ਸੰਜੈ ਪ੍ਰਕਾਸ਼ਨ, ਦਿੱਲੀ, 2007